# ਫੌਜਦਾਰੀ ਸੰਮਨਾਂ ਵਿੱਚ ਦੀਵਾਨੀ ਮਾਮਲਿਆਂ ਦੀ ਪ੍ਰਸ਼ਾਸਨਕ ਪ੍ਰਕਿਰਿਆ ਸ਼ਾਮਲ ਹੈ

*(Criminal Citations Include A Civil Administrative Process)*

ਸਟੇਟ ਬੋਰਡ ਆਫ਼ ਇਕਿਊਲਾਈਜ਼ੇਸ਼ਨ (ਬੀ ਓ ਈ) (State Board of Equalization, BOE) ਨੇ ਕੈਲੀਫ਼ੋਰਨੀਆ ਸਿਗਰਟ ਐਂਡ ਟਬੈਕੂ ਪ੍ਰੋਡਕਟਸ ਲਾਈਸੈਂਸਿੰਗ ਐਕਟ 2003 (California Cigarette and Tobacco Products Licensing Act of 2003) ਦੀ ਅਧਿਕਾਰਤਾ (ਬਿਜ਼ਨਸ ਐਂਡ ਪ੍ਰਫ਼ੈਸ਼ਨਜ਼ ਕੋਡ ਦੀ ਡਿਵੀਜ਼ਨ 8.6) ਦੇ ਤਹਿਤ ਤੁਹਾਨੂੰ ਫੌਜਦਾਰੀ ਸੰਮਨ ਜਾਰੀ ਕੀਤਾ ਸੀ। ਇਹ ਸੰਮਨ ਬਿਜ਼ਨਸ ਐਂਡ ਪ੍ਰੋਫ਼ੈਸ਼ਨਜ਼ (Business and Professions) ਅਤੇ/ਜਾਂ ਰੈਵਿਨਿਊ ਐਂਡ ਟੈਕਸੇਸ਼ਨ ਕੋਡ (Revenue and Taxation Code) ਦੀ ਉਸ ਉਲੰਘਣਾ(ਵਾਂ) ਲਈ ਭੇਜਿਆ ਗਿਆ ਸੀ ਜਿਵੇਂ ਸੰਮਨ ਦੱਸਿਆ ਗਿਆ ਹੈ।

## ਅਦਾਲਤ ਵਿੱਚ ਹਾਜ਼ਰ ਹੋਵੋ

ਸੰਮਨ ਵਿੱਚ ਲਿਖੀ ਤਾਰੀਖ ਅਤੇ ਸਮੇਂ 'ਤੇ ਤੁਹਾਡੇ ਲਈ ਅਦਾਲਤ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ। ਫੌਜਦਾਰੀ ਕਾਰਵਾਈਆਂ ਬਾਰੇ ਤੁਹਾਨੂੰ ਡਿਸਟ੍ਰਿਕਟ ਅਟਾਰਨੀ ਵਲੋਂ ਨੋਟਿਸ ਮਿਲ ਸਕਦਾ ਹੈ।

## ਦੀਵਾਨੀ ਜੁਰਮਾਨੇ

ਅਦਾਲਤਾਂ ਰਾਹੀਂ ਲਗਾਏ ਗਏ ਫਜਦਾਰੀ ਜੁਰਮਾਨਿਆਂ ਦੇ ਨਾਲ-ਨਾਲ ਤੁਸੀਂ ਬੀ ਓ ਈ (BOE) ਦੁਆਰਾ ਲਗਾਏ ਗਏ ਦੀਵਾਨੀ ਜੁਰਮਾਨੇ ਦੇ ਭਾਗੀਦਾਰ ਵੀ ਹੋ ਸਕਦੇ ਹੋ (ਇਸ ਨ਼ਟਿਸ ਦੇ ਪਿਛਲੇ ਪਾਸੇ ਬਿਜ਼ਨਸ ਐਂਡ ਪ੍ਰੋਫ਼ੈਸ਼ਨਜ਼ ਕੋਡ ਸ਼ੈਕਸ਼ਨ 22974.4 ਅਤੇ 22978.7 ਦੇਖ਼)। ਤੁਸੀਂ ਬੀ ਓ ਈ (BOE) ਦੇ ਸਪੈਸ਼ਲ ਟੈਕਸਜ਼ ਐਂਡ ਫੀਸ ਡਿਵੀਜ਼ਨ (Special Taxes and Fees Division) ਤ਼ ਇਕ ''ਉਲੰਘਣਾ ਦਾ ਨ਼ਟਿਸ'' ਪ੍ਰਾਪਤ ਕਰੋਗੇ। ਇਹ ਨੋਟਿਸ ਤੁਹਾਡੀਆਂ ਸਾਰੀਆਂ ਉਲੰਘਣਾਵਾਂ ਨੂੰ ਸੂਚੀਬੱਧ ਕਰੇਗਾ ਅਤੇ ਤੁਹਾਡੇ ਅਪੀਲ ਦੇ ਹੱਕਾਂ ਲਈ ਵਰਣਨ ਕਰੇਗਾ। ਕਿਰਪਾ ਕਰਕੇ ਨੋਟਿਸ ਨੂੰ ਧਿਆਨ ਨਾਲ ਪੜ੍ਹੋ।

ਫੌਜਦਾਰੀ ਕਾਰਵਾਈਆਂ ਦੇ ਦੌਰਾਨ ਅਦਾਲਤ ਤੁਹਾਡੇ ਤੇ ਭਾਵੇਂ ਜੁਰਮਾਨੇ ਕਰੇ ਜਾਂ ਨਾ, ਬੀ ਓ ਈ (BOE) ਉਹਨਾਂ ਸਾਰੀਆਂ ਉਲੰਘਣਾਵਾਂ ਉੱਪਰ ਕਾਰਵਾਈ ਕਰ ਸਕਦਾ ਹੈ ਜਿਨ੍ਹਾਂ ਦਾ ਜ਼ਿਕਰ ਮੂਲ ਰੂਪ ਵਿੱਚ ਫੌਜਦਾਰੀ ਸੰਮਨ ਵਿੱਚ ਕੀਤਾ ਗਿਆ ਸੀ। ਬੀ ਓ ਈ (BOE) ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਵਾਧੂ ਦੀਵਾਨੀ ਸਜ਼ਾਵਾਂ ਵਿੱਚ, ਤੁਹਾਡੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਲਾਈਸੈਂਸ ਦੀ ਮੁਅੱਤਲੀ ਜਾਂ ਮਨਸੂਖੀ ਅਤੇ ਸੰਭਾਵੀ ਤੰਰ ਤੇ ਜੁਰਮਾਨੇ ਸ਼ਾਮਲ ਹੋ ਸਕਦੇ ਹਨ। ਦੀਵਾਨੀ ਜੁਰਮਾਨੇ ਅਦਾਲਤ ਦੁਆਰਾ ਕੀਤੇ ਜੁਰਮਾਨਿਆਂ ਵਿਚੋਂ ਘਟਾਏ ਜਾ ਸਕਦੇ ਹਨ।

## ਹ਼ਰ ਜਾਣਕਾਰੀ ਲਈ

ਜੇ ਤੁਸੀਂ ਬੀ ਓ ਈ (ਨ+ਥ) ਦੀ ਦੀਵਾਨੀ ਪ੍ਰਕਿਰਿਆ ਬਾਰੇ ਕੁਝ ਪੁੱਛਣਾ ਚਾਹੁੰਦੇ ਹੋ ਤਾਂ ਤੁਸੀਂ ਬੀ ਓ ਈ ਇਨਫਰਮੇਸ਼ਨ ਸੈਂਟਰ ਦੇ ਰਾਹੀਂ 800-400-7115 ਤੇ ਫੋਨ ਕਰਕੇ ਸਪੈਸ਼ਲ ਟੈਕਸਜ਼ ਐਂਡ ਫੀਸ ਡਿਵੀਜ਼ਨ ਨੂੰ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਨਿਯਮਾਂ ਦੇ ਉਹਨਾਂ ਸੈਕਸ਼ਨਾਂ ਬਾਰੇ ਕੁਝ ਪੁੱਛਣਾ ਚਾਹੋ ਜਿਨ੍ਹਾਂ ਲਈ ਤੁਹਾਨੂੰ ਸੰਮਨ ਕੀਤਾ ਗਿਆ ਸੀ, ਤਾਂ ਤੁਸੀਂ ਇੰਸਪੈਕਟਰ ਨੂੰ ਕਾਨੂੰਨ ਦੇ ਇਸ ਸੈਕਸ਼ਨ(ਾਂ) ਦੀ ਵਿਆਖਿਆ ਕਰਨ ਲਈ ਆਖ ਸਕਦੇ ਹੋ ਜਾਂ ਤੁਸੀਂ ਬੀ ਓ ਈ (ਨ+ਥ) ਦੇ ਜਾਂਚ-ਪੜਤਾਲ ਵਿਭਾਗ ਨੂੰ 916-324-0105 ਤੇ ਸੰਪਰਕ ਕਰ ਸਕਦੇ ਹੋ।

**ਸਟੇਟ ਬੋਰਡ ਆਫ਼ ਇਕਿਊਲਾਈਜ਼ੇਸ਼ਨ**
**(State Board of Equalization)**
ਪ੍ਰਕਾਸ਼ਨ 161-PI - ਮਈ 2011
(Publication 161 - May 2011)

# ਕਾਰ਼ਬਾਰ ਅਤੇ ਪੇਸ਼ਿਆਂ ਦੇ ਨਿਯਮ

(ਜੁਰਮਾਨਿਆਂ ਲਈ ਪ੍ਰਾਵਧਾਨ)

## *22974.4 ਮਨਸੂਖੀ*

ਕਿਸੇ ਵੀ ਰਿਟੇਲ ਵਿਕ੍ਰੇਤਾ ਜਾਂ ਰਿਟੇਲ ਵਿਕ੍ਰੇਤਾ ਨੂੰ ਨਿਯੰਤ੍ਰਿਤ ਕਰਨ ਵਾਲੇ ਵਿਅਕਤੀ ਦਾ ਲਾਈਸੈਂਸ ਬੀ ਓ ਈ (BOE) ਦੁਆਰਾ ਰੈਵਿਨਿਊ ਐਂਡ ਟੈਕਸੇਸ਼ਨ ਕੋਡ (Revenue and Taxation Code) ਦੇ ਸੈਕਸ਼ਨ 30148 ਵਿੱਚ ਲਾਈਸੈਂਸ ਦੀ ਮਨਸੂਖੀ ਬਾਰੇ ਦਿੱਤੇ ਪ੍ਰਾਵਧਾਨ ਮੁਤਾਬਕ ਮਨਸੂਖ ਕੀਤਾ ਜਾ ਸਕਦਾ ਹੈ ਜੇ:

(a) ਇਹ ਵਿਅਕਤੀ ਰੈਵਿਨਿਊ ਐਂਡ ਟੈਕਸੇਸ਼ਨ ਕੋਡ (Revenue and Taxation Code) ਦੇ ਸੈਕਸ਼ਨ 30473 ਜਾਂ 30480 ਮੁਤਾਬਕ ਸੰਗੀਨ ਜੁਰਮ ਦਾ ਦੋਸ਼ੀ ਪਾਇਆ ਗਿਆ ਹੈ।

(b) ਇਸ ਵਿਅਕਤੀ ਦਾ ਪਰਮਿਟ ਜਾਂ ਲਾਈਸੈਂਸ ਰੈਵਿਨਿਊ ਐਂਡ ਟੈਕਸੇਸ਼ਨ ਕੋਡ ਦੇ ਕਿਸੇ ਵੀ ਪ੍ਰਾਵਧਾਨ ਹੇਠ ਮਨਸੂਖ ਕਰ ਦਿੱਤਾ ਗਿਆ ਹੈ।

## *22978.7. ਪ੍ਰਾਵਧਾਨਾਂ ਦੀ ਉਲੰਘਣਾ ਕਰਨ ਤੇ ਸਜ਼ਾ*

ਕਾਨੂੰਨ ਦੁਆਰਾ ਦਿੱਤੀ ਦੀਵਾਨੀ ਜਾਂ ਫੌਜਦਾਰੀ ਸਜ਼ਾ ਦੇ ਇਲਾਵਾ, ਜੇ ਇਹ ਪਤਾ ਚਲਦਾ ਹੈ ਕਿ ਕਿਸੇ ਵਿਤਰਕ ਜਾਂ ਥੋਕ ਵਿਕ੍ਰੇਤਾ ਨੇ ਇਸ ਡਿਵੀਜ਼ਨ ਦੇ ਕਿਸੇ ਪ੍ਰਾਵਧਾਨ ਦੀ ਉਲੰਘਣਾ ਕੀਤੀ ਹੈ ਤਾਂ ਬੀ ਓ ਈ (BOE) ਹੇਠਾਂ ਲਿਖੀਆਂ ਕਾਰਵਾਈਆਂ ਕਰ ਸਕਦਾ ਹੈ:

(a) ਪਹਿਲੀ ਵਾਰ ਜੁਰਮ ਕਰਨ ਤੇ, ਬੀ ਓ ਈ (BOE) ਜਿਸ ਵਿਤਰਕ ਜਾਂ ਥੋਕ ਵਿਕ੍ਰੇਤਾ ਦਾ/ਦੇ ਲਾਇਸੈਂਸ, 'ਮਾਲੀਆ ਅਤੇ ਕਰ ਨਿਰਧਾਰਨ ਨਿਯਮ' ਦੇ ਸੈਕਸ਼ਨ 30148 ਵਿੱਚ ਲਾਈਸੈਂਸ ਮਨਸੂਖ ਕਰਨ ਬਾਰੇ ਦੱਸੀ ਗਈ ਪ੍ਰਕਿਰਿਆ ਮੁਤਾਬਕ ਮਨਸੂਖ ਜਾਂ ਮੁਅੱਤਲ ਕਰ ਸਕਦਾ ਹੈ।

(b) ਦੂਜੀ ਵਾਰ ਜਾਂ ਉਸ ਤੋਂ ਬਾਅਦ ਜੁਰਮ ਕਰਨ ਤੇ, ਬੀ ਓ ਈ (BOE) ਉਪ-ਡਿਵੀਜ਼ਨ (a) ਵਿੱਚ ਅਧਿਕਾਰਤ ਕਾਰਵਾਈ ਦੇ ਨਾਲ-ਨਾਲ ਦੀਵ-ਾਨੀ ਜੁਰਮਾਨਾ ਵੀ ਕਰ ਸਕਦਾ ਹੈ ਜਿਸਦੀ ਰਕਮ ਹੇਠਲੀ ਕਿਸੇ ਰਕਮ ਤੋਂ ਵੱਧ ਨਹੀਂ ਹ਼ਵੇਗੀ:

(1) ਪਕੜੀਆਂ ਗਈਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਰਿਟੇਲ ਕੀਮਤ ਦਾ ਪੰਜ ਗੁਣਾ।

(2) ਪੰਜ ਹਜ਼ਾਰ ਡਾਲਰ ($5,000)

ਇਹ ਅਨੁਵਾਦ ਕੀਤਾ ਹ਼ਇਆ ਪ੍ਰਕਾਸ਼ਨ ਤੁਹਾਡੀ ਸਹੂਲਤ ਲਈ ਮੁਹੱਈਆ ਕੀਤਾ ਗਿਆ ਹੈ। ਇਸ ਅੰਗ੍ਰੇਜ਼ੀ ਰੂਪਾਂਤਰ ਦੀ ਜਗ੍ਹਾਂ ਲੈਣ ਲਈ ਨਹੀਂ ਹੈ। ਜੇ ਅੰਗ੍ਰੇਜ਼ੀ ਰੂਪਾਂਤਰ ਅਤੇ ਇਸ ਅਨੁਵਾਦ ਵਿੱਚ ਕ਼ਈ ਅਸਮਾਨਤਾਵਾਂ ਹੋਣ, ਤਾਂ ਅੰਗ੍ਰੇਜ਼ੀ ਰੂਪਾਂਤਰ ਵਿੱਚ ਮੌਜੂਦ ਜਾਣਕਾਰੀ ਨਿਯੰਤ੍ਰਕ ਹੋਵੇਗੀ।